# DUGGAR SAMAAJ DA ITIHASAK NATAK 'BABA JITTO' DA VISHLESHAN

# ਡੁੱਗਰ ਸਮਾਜ ਦਾ ਇਤਿਹਾਸਕ ਨਾਟਕ 'ਬਾਬਾ ਜਿੱਤੋ' ਦਾ ਵਿਸ਼ਲੇਸ਼ਣ

ਡਾ. ਸਨੋਬਰ (Dr. Snobar)
ਐਸੋਸੀਏਟ ਪ੍ਰੋਫੈਸਰ ਅਤੇ ਮੁਖੀ, ਪੰਜਾਬੀ ਵਿਭਾਗ,
ਸਰਕਾਰੀ ਡਿਗਰੀ ਕਾਲਜ, ਰਾਮਗੜ੍ਹ, ਸਾਂਬਾ (ਜੰਮੂ ਅਤੇ ਕਸ਼ਮੀਰ)
Email ID: snobarchib@gmail.com ਮੋਬਾਈਲ: +91-94191-27228

**ਸਾਰ (Abstract)**

*ਡੋਗਰੀ ਭਾਸ਼ਾ ਜੰਮੂ ਕਸ਼ਮੀਰ ਦੇ ਜੰਮੂ ਸ਼ਹਿਰ ਦੇ ਨਾਲ ਲੱਗਦੇ ਇਲਾਕਿਆਂ ਵਿੱਚ ਬੋਲੀ ਜਾਣ ਵਾਲੀ ਭਾਸ਼ਾ ਹੈ। ਇਸ ਦਾ ਇਤਿਹਾਸ ਵੈਦਿਕ ਯੁੱਗ ਤੋਂ ਸ਼ੁਰੂ ਹੋਇਆ ਮੰਨਿਆ ਜਾਂਦਾ ਹੈ। ਵੇਦ ਪਵਿੱਤਰ ਗ੍ਰੰਥ ਮੰਨੇ ਜਾਂਦੇ ਹਨ ਜਿਨ੍ਹਾਂ ਦਾ ਸੰਕਲਨ ਭਾਰਤ ਵਿੱਚ ਹੋਇਆ ਮੰਨਿਆ ਜਾਂਦਾ ਹੈ। ਸੰਸਕ੍ਰਿਤ, ਪਾਲੀ, ਪ੍ਰਾਕਿਤ, ਅਪ੍ਰਭੰਸ਼ ਭਾਸ਼ਾਵਾਂ ਦੇ ਪ੍ਰਭਾਵ ਹੇਠ ਡੋਗਰੀ ਵਿੱਚ ਕਈ ਸ਼ਬਦ ਸਮਲਿਤ ਹੋ ਗਏ ਹਨ। ਇਸ ਤਰ੍ਹਾਂ ਡੋਗਰੀ ਭਾਸ਼ਾ ਦਾ ਸੰਬੰਧ ਭਰੋਪੀ ਭਾਸ਼ਾ ਪਰਿਵਾਰ ਨਾਲ ਜੁੜਿਆ ਮੰਨਿਆ ਜਾਂਦਾ ਹੈ। ਡੋਗਰੀ ਭਾਸ਼ਾ ਦਾ ਵੀ ਆਪਣਾ ਵਿਲੱਖਣ ਤੇ ਵਿਸ਼ੇਸ਼ ਡੋਗਰੀ ਸਾਹਿਤ ਹੈ। ਨਿਮਨਲਿਖਤ ਪਰਚਾ ਦਾ ਆਧਾਰ ਬਾਬਾ ਜਿੱਤੋ ਨਾਟਕ ਜੋ ਡੋਗਰੀ ਭਾਸ਼ਾ ਵਿੱਚ ਲਿਖਿਆ ਹੋਇਆ ਨਾਟਕ ਹੈ ਜਿਸ ਦਾ ਵਿਸ਼ਲੇਸ਼ਣ ਅਸੀਂ ਪੰਜਾਬੀ ਭਾਸ਼ਾ ਵਿੱਚ ਕਰਨ ਦਾ ਪ੍ਰਯਤਨ ਕੀਤਾ ਹੈ। ਇਸ ਨਾਟਕ ਦਾ ਆਧਾਰ ਕਾਰਕ ਰੂਪ ਭਾਵ ਨਾਟਕ ਵਿੱਚ ਕਾਵਿ ਰੂਪ ਰਿਹਾ ਹੈ। ਇਹ ਨਾਟਕ ਡੋਗਰੀ ਸਾਹਿਤ ਤੇ ਡੁੱਗਰ ਸਮਾਜ ਵਿੱਚ ਆਪਣੀ ਨਵੇਕਲੀ ਪਹਿਚਾਣ ਤੇ ਸਥਾਨ ਸਥਾਪਿਤ ਕਰ ਚੁੱਕਾ ਹੈ। ਭਾਸ਼ਾ ਭਾਵੇਂ ਕੋਈ ਵੀ ਹੋਵੇ ਉਸ ਭਾਸ਼ਾ ਵਿੱਚ ਰਚੇ ਜਾਣ ਵਾਲੇ ਸਾਹਿਤ ਦਾ ਮੁੱਖ ਆਧਾਰ ਸਮਾਜ ਦੀਆਂ ਪਰਿਸਥਿਤੀਆਂ ਦੀ ਯਥਾਰਥਕਤਾ ਨੂੰ ਪੇਸ਼ ਕਰਨਾ ਹੁੰਦਾ ਹੈ ਭਾਵ ਸਾਹਿਤ ਸਮਾਜ ਦਾ ਦਰਪਣ ਹੁੰਦਾ ਹੈ। ਇਸੇ ਤਰ੍ਹਾਂ ਡੋਗਰੀ ਭਾਸ਼ਾ ਵਿੱਚ ਰਚੇ ਜਾਣ ਵਾਲੇ ਨਾਟਕਾਂ ਦੀ ਵੀ ਆਪਣੀ ਵਿਸ਼ੇਸ਼ ਸਾਰਥਕਤਾ ਤੇ ਮਹੱਤਤਾ ਰਹਿ ਚੁੱਕੀ ਹੈ। ਬਾਬਾ ਜਿੱਤੋ ਨਾਟਕ ਦਾ ਇਤਿਹਾਸ 500 ਸਾਲ ਪੁਰਾਣਾ ਹੈ। ਇਸ ਨਾਟਕ ਦਾ ਮੁੱਖ ਵਿਸ਼ਾ ਅਨਿਆਇ ਅੱਗੇ ਨਾ ਝੁਕਣ ਦੀ ਸਿੱਖਿਆ ਨੂੰ ਪੇਸ਼ ਕਰਦਾ ਹੈ।*

***ਕੀਵਰਡ (Keyword): ਡੋਗਰੀ ਨਾਟਕ, ਪ੍ਰੋ. ਰਾਮ ਨਾਥ ਸ਼ਾਸਤਰੀ, ਬਾਬਾ ਜਿੱਤੋ, ਕੁੱਲ ਦੇਵਤਾ, ਸਮਾਜ, ਮੇਲਾ, ਕਟਾਰੀ, ਪੌਣ, ਡੈਣ, ਚੌਕੀ।***

ਨਾਟਕ ਜੀਵਨ ਦੀ ਯਥਾਰਥਕ ਤੇ ਕਲਪਨਾਮਈ ਪੇਸ਼ਕਾਰੀ ਹੁੰਦੀ ਹੈ। ਨਾਟਕ ਦੀ ਪ੍ਰਕਿਰਤੀ ਦੀ ਪਛਾਣ ਦੋ ਪੱਧਰਾਂ ਤੇ ਹੁੰਦੀ ਹੈ ਇੱਕ ਹੈ ਸਿਰਜਣਾ ਅਤੇ ਦੂਜਾ ਹੈ ਸਮੀਖਿਆ। ਨਾਟ- ਸਿਰਜਣਾ ਅਤੇ ਨਾਟ-ਸਮੀਖਿਆ ਦੇ ਪੱਧਰ ਇੱਕ ਮਿਲੇ-ਜੁਲੇ ਮੁਦ੍ਰਾ ਵਿੱਚ ਹੀ ਪ੍ਰਾਪਤ ਹੁੰਦੇ ਹਨ। ਨਾਟਕ ਜਿੱਥੇ ਸ਼ਾਬਦਿਕ ਜਾਮੇ ਨਾਲ ਹੀ ਪੇਸ਼ ਹੁੰਦਾ ਹੈ ਸਗੋਂ ਨਾਟਕ ਦਾ ਦ੍ਰਿਸ਼ ਚਿਤਰਨ ਵੀ ਕਲਾਮਈ ਢੰਗ ਨਾਲ ਪ੍ਰਸਤੁਤ ਹੁੰਦਾ ਹੈ। ਬਾਬਾ ਜਿੱਤੋ ਨਾਟਕ ਪ੍ਰੋ. ਰਾਮ ਨਾਥ ਸ਼ਾਸਤਰੀ ਦਾ ਲਿਖਿਆ ਹੋਇਆ ਹੈ। ਇਹਨਾਂ ਦਾ ਜਨਮ 15 ਅਪ੍ਰੈਲ 1914 ਨੂੰ ਹੋਇਆ ਸੀ। ਇਹਨਾਂ ਨੂੰ ਆਸਾਧਾਰਣ ਗੁਣਾਂ ਦਾ ਮਾਲਕ ਮੰਨਿਆ ਜਾਂਦਾ ਸੀ। ਇਹਨਾਂ ਨੂੰ ਪਦਮ ਸ੍ਰੀ ਨਾਲ ਸਨਮਾਨਿਤ ਵੀ ਕੀਤਾ ਗਿਆ ਸੀ। ਇਹ ਡੋਗਰੀ ਦੇ ਕਵੀ, ਨਾਟਕਾਰ, ਕੋਸ਼ਕਾਰ, ਨਿਬੰਧਕਾਰ, ਅਨੁਵਾਦਕ ਅਰਥਾਤ ਪ੍ਰਮੁੱਖ ਸੰਪਾਦਕ ਮੰਨੇ ਜਾਂਦੇ ਸਨ। ਡੋਗਰੀ ਭਾਸ਼ਾ ਦੇ ਨਿਕਾਸ ਤੇ ਵਿਕਾਸ ਵਿੱਚ ਇਹਨਾਂ ਦਾ ਬਹੁਤ ਯੋਗਦਾਨ ਰਿਹਾ ਹੈ। ਪ੍ਰੋ. ਰਾਮ ਨਾਥ ਦੁਆਰਾ ਰਚਿਤ ਨਾਟਕ 'ਬਾਬਾ ਜਿੱਤੋ' ਦੀ ਨਾ ਕੇਵਲ ਡੋਗਰੀ ਸਾਹਿਤ ਵਿੱਚ ਹੀ ਪ੍ਰਸਿੱਧੀ ਹੋਈ ਹੈ ਸਗੋਂ ਇਸੇ ਕਾਰਨ ਇਸ ਨਾਟਕ ਦਾ ਅਨੁਵਾਦ ਅਨੇਕਾਂ ਭਾਸ਼ਾਵਾਂ ਵਿੱਚ ਹੋ ਚੁੱਕਾ ਹੈ ਅਤੇ ਇਹ ਨਾਟਕ ਨਾ ਕੇਵਲ ਜੰਮੂ ਕਸ਼ਮੀਰ ਦੇ ਰੰਗ ਮੰਚ ਉੱਪਰ ਹੀ ਸਫ਼ਲਤਾ ਪੂਰਵਕ ਖੇਡਿਆ ਗਿਆ ਹੈ ਸਗੋਂ ਵਿਸ਼ਵ ਪੱਧਰ 'ਤੇ ਵੀ ਇਹ ਨਾਟਕ ਰੰਗ ਮੰਚ ਦੀ ਸ਼ੋਭਾ ਬਣਦਾ ਆਇਆ ਹੈ। ਕਈ ਰੰਗਮੰਚੀ ਨਿਰਦੇਸ਼ਕਾਂ ਨੇ ਇਸ ਨਾਟਕ ਨੂੰ ਮੰਚ ਉੱਪਰ ਸਫਲਤਾਪੂਰਵਕ ਪ੍ਰਸਤੁਤ ਕੀਤਾ ਹੈ। ਸਭ ਤੋਂ ਪਹਿਲਾਂ ਇਸ ਨਾਟਕ ਦੀ ਪੇਸ਼ਕਾਰੀ ਮੰਚ ਉੱਪਰ 5 ਸਤੰਬਰ 1986 ਵਿੱਚ ਕੁਰੂਕਸ਼ੇਤਰ ਹਰਿਆਣਾ ਵਿੱਚ ਹੋਈ ਸੀ। ਬਲਵੰਤ ਠਾਕੁਰ ਨੇ ਲੋਕ ਤੱਤਾਂ ਤੇ ਸ਼ੈਲੀ ਦੇ ਆਧਾਰ ਤੇ ਇਸ ਨਾਟਕ ਨੂੰ ਰੰਗਮੰਚ ਉੱਪਰ ਪੇਸ਼ ਕੀਤਾ ਹੈ।

'ਬਾਬਾ ਜਿੱਤੋ' ਨਾਟਕ ਇੱਕ ਇਤਿਹਾਸਿਕ ਤੇ ਸੱਚੀ ਘਟਨਾ ਉੱਪਰ ਆਧਾਰਿਤ ਕਥਾ ਦਾ ਆਧਾਰ ਹੈ। ਪ੍ਰੋ. ਰਾਮਨਾਥ ਸ਼ਾਸਤਰੀ ਇਸ ਨਾਟਕ ਦਾ ਮੁੱਖ ਕੇਂਦਰ ਬਿੰਦੂ ਡੁੱਗਰ ਦੇਸ਼ ਦੇ ਮਹਾਨ ਨਾਇਕ ਬਾਬਾ ਜਿੱਤੋ ਦੇ ਜੀਵਨ ਦਰਸ਼ਨ ਉੱਪਰ ਆਧਾਰਿਤ ਹੈ। ਇਹ ਨਾਇਕ ਜ਼ਿਲ੍ਹਾ ਰਿਆਸੀ ਦੇ ਪਿੰਡ ਦਾ ਰਹਿਣ ਵਾਲਾ ਵਸਨੀਕ ਸੀ। ਇਹ ਡੁੱਗਰ ਸਮਾਜ ਦਾ ਪਹਿਲਾ ਨਾਇਕ ਸੀ





ਜਿਸਨੇ ਸਾਮੰਤਵਾਦੀ/ਜਾਗੀਰਦਾਰੀ ਨਿਜ਼ਾਮ ਨੂੰ ਵੰਗਾਰਿਆ ਸੀ। ਬਾਬਾ ਜਿੱਤੋ ਵੈਸ਼ਨੋ ਮਾਤਾ ਦੇ ਭਗਤ ਸਨ। ਇਨ੍ਹਾਂ ਦੀ ਸ਼ਾਦੀ ਮਾਇਆ ਦੇਵੀ ਨਾਲ ਹੋਈ ਸੀ। ਜੰਮੂ ਦੇ ਇਲਾਕੇ ਵਿੱਚ ਝੀੜੀ ਦਾ ਮੇਲਾ ਏਨਾ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ। ਜੰਮੂ ਵਿੱਚ ਇਹ ਕੁੱਲ ਦੇਵਤਾ ਵਜੋਂ ਪੂਜੇ ਜਾਂਦੇ ਹਨ। ਇਹ ਮੇਲਾ ਸਮਾਗਮ ਨਹੀਂ ਹੈ ਸਗੋਂ ਸਾਹਸ,ਇਮਾਨਦਾਰੀ ਅਤੇ ਸਮੁਦਾਇ ਦੇ ਮੁੱਲਾਂ ਦਾ ਵਿਆਖਿਅਕ ਵੀ ਹੈ। ਬਾਬਾ ਜਿੱਤੋ ਦੀ ਕਾਰਕ ਦਾ ਗਾਣ ਤੇ ਇਸ ਦੇ ਸੰਪੂਰਨ ਨਾਟਕ ਦੀ

ਵਿਲੀਨ ਹੋਣਾ ਨਾਟਕ ਦੀ ਕਥਾ ਵਸਤੂ ਵਿੱਚ ਰੋਚਕਤਾ ਪੈਦਾ ਕਰਦਾ ਹੈ। ਬਾਬੇ ਦੀ ਬੇਟੀ ਬੂਆ ਗੌਰੀ ਦਾ ਪਿਤਾ ਨਾਲ ਪਾਣੀ ਭਰਨ ਦੀ ਵਿਆਕੁਲਤਾ, ਬਾਬਾ ਜਿੱਤੋ ਦਾ ਉਸਨੂੰ ਬੋਹਲੀ ਵਿੱਚ ਕੁਵੇਲੇ ਨਹਾਉਣ ਜਾਣ ਲਈ ਵਰਜਣਾ, ਉਸ ਸਮੇਂ ਦੇ ਸਮਾਜਕ ਚੌਖਟੇ ਨੂੰ ਪੇਸ਼ ਕਰਦਾ ਹੈ। ਬੂਆ ਗੌਰੀ ਦੀ ਮਾਂ ਮਰ ਚੁੱਕੀ ਸੀ ਤੇ ਉਸਦੀ ਪਰਵਰਿਸ਼ ਤੇ ਦੇਖਭਾਲ ਬਾਬਾ ਜਿੱਤੋ ਕਰਦਾ ਸੀ।

ਨਾਟਕ ਦੀ ਕਥਾ ਵਿੱਚ ਜਿੱਥੇ ਗੌਰੀ ਦੀ ਬਹਾਦਰੀ ਤੇ ਨਿਡਰਤਾ ਨਾਰੀ

ISSN (Online): 2583-9446

ਜਿਸਨੇ ਸਾਮੰਤਵਾਦੀ/ਜਾਗੀਰਦਾਰੀ ਨਿਜ਼ਾਮ ਨੂੰ ਵੰਗਾਰਿਆ ਸੀ। ਬਾਬਾ ਜਿੱਤੋ ਵੈਸ਼ਨੋ ਮਾਤਾ ਦੇ ਭਗਤ ਸਨ। ਇਨ੍ਹਾਂ ਦੀ ਸ਼ਾਦੀ ਮਾਇਆ ਦੇਵੀ ਨਾਲ ਹੋਈ ਸੀ। ਜੰਮੂ ਦੇ ਇਲਾਕੇ ਵਿੱਚ ਝੀੜੀ ਦਾ ਮੇਲਾ ਏਨਾ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ। ਜੰਮੂ ਵਿੱਚ ਇਹ ਕੁੱਲ ਦੇਵਤਾ ਵਜੋਂ ਪੂਜੇ ਜਾਂਦੇ ਹਨ। ਇਹ ਮੇਲਾ ਸਮਾਗਮ ਨਹੀਂ ਹੈ ਸਗੋਂ ਸਾਹਸ,ਇਮਾਨਦਾਰੀ ਅਤੇ ਸਮੁਦਾਇ ਦੇ ਮੁੱਲਾਂ ਦਾ ਵਿਆਖਿਅਕ ਵੀ ਹੈ। ਬਾਬਾ ਜਿੱਤੋ ਦੀ ਕਾਰਕ ਦਾ ਗਾਣ ਤੇ ਇਸ ਦੇ ਸੰਪੂਰਨ ਨਾਟਕ ਦੀ ਸੰਜੀਵਤਾ ਤੇ ਪ੍ਰਭਾਵਸ਼ੀਲਤਾ ਨੂੰ ਵਿਸ਼ੇਸ਼ਤਾ ਪ੍ਰਦਾਨ ਕਰਦਾ ਹੈ। ਸੋ ਇਹ ਨਾਟਕ ਡੁੱਗਰ ਸਮਾਜ ਦੇ ਜਨਜੀਵਨ ਦੀ ਯਥਾਰਥਕ ਤਸਵੀਰ ਪੇਸ਼ ਕਰਦਾ ਹੈ। ਇਸ ਨਾਟਕ ਦਾ ਸਾਰਾ ਮੁੱਖ ਧੁਰਾ ਬਾਬਾ ਜਿੱਤੋ ਦੇ ਜੀਵਨ ਉੱਪਰ ਆਧਾਰਿਤ ਹੈ। ਇਸ ਨਾਟਕ ਨੂੰ 15 ਦ੍ਰਿਸ਼ਾਂ ਭਾਵ ਅੰਕਾਂ ਵਿੱਚ ਵੰਡਿਆ ਗਿਆ ਹੈ। ਨਾਟਕ ਵਿੱਚ ਜੰਮੂ ਦੀ ਆਂਚਲਿਕਤਾ ਤੇ ਪ੍ਰਾਚੀਨਤਾ ਦਾ ਆਭਾਸ ਸਪਸ਼ਟ ਨਜ਼ਰੀ ਪੈਂਦਾ ਹੈ।

ਨਾਟਕ ਦੀ ਸ਼ੁਰੂਆਤ ਦੇ ਪਹਿਲੇ ਦ੍ਰਿਸ਼ ਵਿੱਚ ਨਾਟਕਕਾਰ ਜਸਰੋਟੇ ਦੇ ਜੰਗਲਾਂ ਵਿੱਚ ਬਾਬਾ ਜਿੱਤੋ ਦੇ ਭਗਤਾਂ ਦੀ ਉਸ ਪ੍ਰਤੀ ਸਤੁਤੀ ਕਰਨ ਦਾ ਦ੍ਰਿਸ਼ ਬਹੁਤ ਹੀ ਧਾਰਮਿਕ ਭਾਵਨਾ ਭਰਿਆ ਅਤੇ ਦੁੱਖ ਦੀ ਸੰਵੇਦਨਾ ਨੂੰ ਪ੍ਰਗਟ ਕਰਦਾ ਹੈ। ਨਾਟਕ ਵਿੱਚ ਬਾਬਾ ਜਿੱਤੋ ਦੇ ਭਗਤ ਉਸਦੇ ਬਲਸ਼ਾਲੀ ਜੀਵਨ ਦੀ ਮਹਿਮਾ ਤੇ ਜੱਸ ਗਾਉਂਦੇ ਤੇ ਜੈਕਾਰੇ ਲਾ ਰਹੇ ਪ੍ਰਤੀਤ ਹੋਣਾ, ਜਸਰੋਟੇ ਦੇ ਰਾਜੇ ਦਾ ਸ਼ਿਕਾਰ ਖੇਡਣ ਦਾ ਦ੍ਰਿਸ਼ ਅਤੇ ਭਗਤਾਂ ਦੀਆਂ ਆਵਾਜ਼ਾਂ ਦਾ ਸ਼ੋਰ ਤੇ ਰਾਜੇ ਦਾ ਸ਼ਿਕਾਰ ਖੇਡਣ ਵਿੱਚ ਵਿਘਨ ਮਹਿਸੂਸ ਕਰਨਾ ਅਤੇ ਸਿਪਾਹੀਆਂ ਨੂੰ ਇਸ ਸੰਨਾਟੇ ਵਿੱਚ ਫੈਲੇ ਸ਼ੋਰ ਨੂੰ ਬੰਦ ਕਰਾਉਣ ਦਾ ਹੁਕਮ ਦੇਣਾ ਆਦਿ ਘਟਨਾਵਾਂ ਨਾਟਕ ਦੀ ਗੋਂਦ ਵਿੱਚ ਉਤਸੁਕਤਾ ਪੈਦਾ ਕਰਦੀਆਂ ਹਨ। ਨਾਟਕ ਦੇ ਆਰੰਭ ਵਿੱਚ ਰਾਜੇ ਦਾ ਆਗਮਨ ਡੁੱਗਰ ਸਮਾਜ ਦੀ ਝਲਕ ਪੇਸ਼ ਕਰਦਾ ਹੈ। ਨਾਟਕ ਸ਼ਰਧਾਲੂਆਂ ਦੁਆਰਾ ਰਾਜੇ ਨੂੰ ਬਾਬਾ ਜਿੱਤੋ ਦੀ ਸੂਰਬੀਰਤਾ ਦੇ ਜੱਸ ਪ੍ਰਤੀ ਜਾਗਰੂਕ ਕਰਾਉਣਾ ਅਤੇ ਉਸਦਾ ਆਪਣੀ ਛਾਤੀ ਵਿੱਚ ਕਟਾਰਾ ਖਾ ਕੇ ਆਪਣਾ ਬਲੀਦਾਨ ਦੇ ਕੇ ਨਿਆਇ ਦੀ ਜਿੱਤ ਦਵਾ ਕੇ ਅਨਿਆਇ ਨੂੰ ਰਾਖ ਕਰਨ ਦੀ ਵੰਗਾਰ ਪੇਸ਼ ਕਰਕੇ ਬਿਰਤਾਂਤ ਸਿਰਜਦਾ ਹੈ। ਨਾਟਕ ਵਿਚਲੀਆਂ ਕਾਵਿ ਪੰਕਤੀਆਂ ਨਾਟਕ ਨੂੰ ਹੋਰ ਵਿਲੱਖਣ ਤੇ ਵਿਸ਼ੇਸ਼ ਬਣਾ ਦਿੰਦੀਆਂ ਹਨ। ਨਾਟਕ ਵਿੱਚ ਬਾਬਾ ਜਿੱਤੋ ਦਾ ਜਦੋਂ ਜੈਕਾਰਾ ਲੱਗਦਾ ਹੈ ਤਾਂ ਨਾਟਕ ਦੀ ਚਾਲ ਅਗਾਂਹ ਚੱਲ ਪੈਂਦੀ ਹੈ। ਨਾਟਕ ਵਿੱਚ ਮਨੁੱਖ ਦੇ ਸੰਸਕਾਰ, ਮਾਨਵੀ ਸੰਸਕ੍ਰਿਤੀ ਨਾਲ ਸੰਗਠਿਤ ਤੇ ਸਜੀਵ ਰੂਪ ਜੁੜੇ ਹੋਏ ਹਨ। ਬਾਬਾ ਜਿੱਤੋ ਦੇ ਘਰ ਦਾ ਦ੍ਰਿਸ਼ ਤੇ ਸਰਘੀ ਦੀ ਸਵੇਰ ਦਾ ਚਿੱਤਰ, ਬਾਬਾ ਜਿੱਤੋ ਦੇ ਖ਼ਿਲਾਫ਼ ਛੜਯੰਤਰ ਦੀਆਂ ਆਵਾਜ਼ਾਂ ਤੇ ਬਾਬਾ ਜਿੱਤੋ ਦਾ ਕਿਰਸਾਨੀ ਕੰਮ ਵਿੱਚ ਵਿਲੀਨ ਹੋਣਾ ਨਾਟਕ ਦੀ ਕਥਾ ਵਸਤੂ ਵਿੱਚ ਰੋਚਕਤਾ ਪੈਦਾ ਕਰਦਾ ਹੈ। ਬਾਬੇ ਦੀ ਬੇਟੀ ਬੂਆ ਗੌਰੀ ਦਾ ਪਿਤਾ ਨਾਲ ਪਾਣੀ ਭਰਨ ਦੀ ਵਿਆਕੁਲਤਾ, ਬਾਬਾ ਜਿੱਤੋ ਦਾ ਉਸਨੂੰ ਬੋਹਲੀ ਵਿੱਚ ਕੁਵੇਲੇ ਨਹਾਉਣ ਜਾਣ ਲਈ ਵਰਜਣਾ, ਉਸ ਸਮੇਂ ਦੇ ਸਮਾਜਕ ਚੋਖਟੇ ਨੂੰ ਪੇਸ਼ ਕਰਦਾ ਹੈ। ਬੂਆ ਗੌਰੀ ਦੀ ਮਾਂ ਮਰ ਚੁੱਕੀ ਸੀ ਤੇ ਉਸਦੀ ਪਰਵਰਿਸ਼ ਤੇ ਦੇਖਭਾਲ ਬਾਬਾ ਜਿੱਤੋ ਕਰਦਾ ਸੀ।

ਨਾਟਕ ਦੀ ਕਥਾ ਵਿੱਚ ਜਿੱਥੇ ਗੌਰੀ ਦੀ ਬਹਾਦਰੀ ਤੇ ਨਿਡਰਤਾ ਨਾਰੀ ਦੇ ਜਜ਼ਬੇ ਤੇ ਜਾਗ੍ਰਿਤੀ ਦੀ ਦਬੰਗ ਮਿਸਾਲ ਪੇਸ਼ ਕਰਦਾ ਹੈ। ਉਥੇ ਦੂਜੇ ਪਾਸੇ ਚਾਚੀ ਜੋਜਾਂ ਬਾਬੇ ਜਿੱਤੋ ਦੀ ਰਿਸ਼ਤੇ ਵਜੋਂ ਨਾ ਕੇਵਲ ਚਾਚੀ ਸੀ ਸਗੋਂ ਮਾਸੀ ਵੀ ਸੀ ਦੀ ਡੈਣ ਛਵੀ ਤੇ ਲਾਲਚੀ ਬਿਰਤੀ ਨਾਰੀ ਦੇ ਨਕਾਰਾਤਮਿਕ ਚਿਤਰਨ ਦੀ ਤਰਜਮਾਨੀ ਕਰਦੀ ਹੈ। ਬੂਆ ਗੌਰੀ ਦਾ ਚੀਕ ਮਾਰ ਕੇ ਬੇਸੁੱਧ ਹੋਣਾ ਤੇ ਉਸਨੂੰ ਰਾਜਾ ਮੰਡਲੀਕ ਦੇ ਸਥਾਨ ਤੇ ਲੈ ਜਾਣ ਦੀ ਘਟਨਾ ਨਾਟ ਸਿਰਜਣ ਦੀ ਪ੍ਰਕਿਰਿਆ ਨੂੰ ਅਗਾਂਹ ਵਧਾਉਂਦਾ ਹੈ। ਨਾਟਕ ਉਸ ਸਮੇਂ ਦੀਆਂ ਲੋਕ ਮਾਨਵ ਦੀਆਂ ਰਿਵਾਜ਼ਾਂ, ਧਾਰਨਾਵਾਂ ਦੀ ਇਤਿਹਾਸਿਕਤਾ ਤੇ ਮਿਥਿਹਾਸਿਕਤਾ ਦਾ ਸਾਖਸ਼ਾਤ ਚਿੱਤਰ ਪੇਸ਼ ਕਰਦਾ ਹੈ। ਚੌਕੀ ਦੇ ਦੌਰਾਨ ਬੂਆ ਗੌਰੀ ਉੱਪਰ ਮੰਤਰਾਂ ਦਾ ਵਾਰ ਹੋਣਾ ਤੇ ਗੁੱਗੇ ਦੀ ਪੌਣ ਆਉਣਾ ਤੇ ਉਸ ਦਾ ਸਿਰ ਚੌਕੀ ਵਿੱਚ ਘੁੰਮਣਾ, ਜੋਜਾਂ ਦਾ ਡੈਨ ਹੋਣ ਦਾ ਰਾਜ਼ ਖੁੱਲਣਾ, ਜੋਜਾਂ ਦਾ ਡੈਣ ਰੂਪ ਗੌਰੀ ਦੇ ਸਰੀਰ ਨੂੰ ਛੱਡਣ ਦਾ ਅਚੰਭਿਤ ਦ੍ਰਿਸ਼ ਅਤੇ ਬੂਆ ਗੌਰੀ ਦਾ ਹੋਸ਼ ਵਿੱਚ ਆਉਣਾ ਨਾਟਕ ਵਿੱਚ ਲੋਕਯਾਕਿਨ, ਮਿੱਥ ਸੱਭਿਆਚਾਰ, ਸਮੀਖਿਅਕ ਕਿਰਦਾਰਾਂ, ਬਿੰਬਾਂ, ਸਥਿਤੀਆਂ ਅਤੇ ਵਸਤੂਆਂ ਦਾ ਸਹਿਜਮਈ ਪ੍ਰਗਟਾਵਾ ਹੁੰਦਾ ਹੈ।

ਨਾਟਕ ਦੇ ਕਥਾਨਕ ਵਿੱਚ ਲੋਕਾਂ ਦੀ ਦੁਸ਼ਟ ਮਾਨਸਿਕਤਾ ਬਾਰੇ ਪਤਾ ਸੁਭਾਵਿਕ ਚੱਲਦਾ ਹੈ ਜੋ ਦੂਜਿਆਂ ਦੇ ਘਰਾਂ ਵਿੱਚ ਅੱਗ ਲਗਾਉਣ ਵਿੱਚ ਜ਼ਿਆਦਾ ਖ਼ੁਸ਼ੀ ਮਹਿਸੂਸ ਕਰਦੇ ਸਨ। ਜੋਜਾਂ ਦਾ ਆਪਣੇ ਬਦਲੇ ਦੀ ਅੱਗ ਆਪਣੇ ਸੱਤ ਪੁੱਤਰਾਂ ਨੂੰ ਨਾਲ ਮਿਲਾ ਲੈਣਾ ਅਤੇ ਬਾਬਾ ਜਿੱਤੋ ਦੀ ਸਾਰੀ ਸੰਪਤੀ ਨੂੰ ਹੜੱਪਣ ਦੀ ਸਾਜਿਸ਼ ਵਾਲੀਆਂ ਵਾਰਦਾਤਾਂ ਨਾਟਕ ਵਿੱਚ ਅਚੰਭਾ ਪੈਦਾ ਕਰਦੀਆਂ ਹਨ। ਇਸ ਤਰ੍ਹਾਂ ਇਸ ਨਾਟਕ ਵਿੱਚ ਅਦ੍ਰਿਸ਼ਟ ਅਤੇ ਦ੍ਰਿਸ਼ਟ ਭਾਵ ਮਹਿਸੂਸ ਕੀਤੇ ਜਾ ਸਕਦੇ ਹਨ। ਪਰੰਪਰਾ ਵਿੱਚ ਜੀਵਨ, ਸਮਾਜ ਤੇ ਸੰਸਕ੍ਰਿਤਿਕ ਢਾਂਚਿਆਂ ਨਾਲ ਸੰਬੰਧਿਤ ਲੋਕ ਵਿਸ਼ਵਾਸ, ਲੋਕ ਵਿਚਾਰ,ਲੋਕ ਰੀਤੀ-ਰਿਵਾਜ, ਮਾਨਵ ਸਮਾਜ ਦਾ ਸੁਹਜ, ਚੱਜ-ਆਚਾਰ, ਲੋਕ ਕਲਾ, ਲੋਕ ਸੰਗੀਤ, ਟੂਣੇ-ਟਾਣੇ, ਮੰਤ੍ਰ-ਤੰਤਰ ਆਦਿ ਸ਼ਾਮਲ ਹੁੰਦੇ ਹਨ। ਇਸ ਪਰਿਪੇਖ ਵਿੱਚ ਨਾਟਕ ਦਾ ਕਥਾਨਕ ਵਿਚਲਾ ਭਾਵ ਸੰਵੇਦਨਾ ਤੇ ਗ਼ਮਗੀਨਮਈ ਮਾਹੌਲ ਸਿਰਜਦਾ ਹੈ। ਰਾਜਾ ਮੰਡਲੀਕ ਦਾ ਆਗਾਜ਼ ਹੋਣਾ ਤੇ ਬਾਬੇ ਜੀਤੋ ਨੂੰ ਆਪਣਾ ਸਥਾਨ ਛੱਡਣ

ਲਈ ਹੁਕਮ ਦੇਣਾ, ਇਸ ਸੰਕੇਤ ਦਾ ਫ਼ੈਸਲਾ ਪਿੰਡ ਵਾਲੀ ਪੰਚਾਇਤ ਉੱਪਰ ਸੁੱਟ ਦੇਣਾ, ਪੰਚਾਇਤ ਦਾ ਬਾਬਾ ਜਿੱਤੇ ਦੇ ਪੱਖ ਵਿੱਚ ਫ਼ੈਸਲਾ ਨਕਾਰਾਤਮਿਕ ਲੈਣਾ ਅਤੇ ਜ਼ਮੀਨ ਦਾ ਫ਼ੈਸਲਾ ਜੋਜਾਂ ਦੇ ਪੁੱਤਰਾਂ ਦੇ ਹੱਕ ਵਿੱਚ ਹੋਣਾ ਆਦਿ ਘਟਨਾਵਾਂ ਮਨੁੱਖ ਦੀ ਬੇਵਸੀ ਅਤੇ ਅਨਿਆਇ ਦਾ ਵਿਰਲਾਪਮਈ ਵਾਤਾਵਰਣ ਸਿਰਜਦੀਆਂ ਹਨ। ਉਸਦਾ ਮਾਨਵਤਾ ਉੱਪਰ ਵਿਸ਼ਵਾਸ ਉੱਠ ਜਾਣਾ, ਫਿਰ ਪਿੰਡ ਦੀ ਪੰਚਾਇਤ ਦੇ ਫ਼ੈਸਲੇ ਤੋਂ ਨਿਰਾਸ਼ ਹੋ ਉਸ ਦੁਆਰਾ ਪਿੰਡ ਨੂੰ ਛੱਡਣ ਦਾ ਫ਼ੈਸਲਾ, ਬੇਟੀ ਦਾ ਆਪਣੇ ਪਿਤਾ ਦੇ ਫ਼ੈਸਲੇ ਤੋਂ ਪ੍ਰੇਸ਼ਾਨ ਹੋ ਉਸਨੂੰ ਰੋਕਣਾ ਤੇ ਬੇਨਤੀ ਕਰਨੀ ਆਦਿ ਦ੍ਰਿਸ਼ ਨਾਟਕ ਦੇ ਕਥਾਨਕ ਵਿੱਚ ਕਰੁਣਾਮਈ ਬਿਰਤੀਆਂ ਦਾ ਦਾ ਆਭਾਸ ਕਰਾਉਂਦੀਆਂ ਹਨ, ਪਰ ਬਾਬਾ ਜਿੱਤੇ ਦਾ ਟੱਸ ਤੋਂ ਮੱਸ ਨਾ ਹੋਣ ਦੀ ਬਿਰਤੀ ਉਸਦੇ ਨਿਡਰ ਤੇ ਬਲਸ਼ੀਲ ਹੋਣ ਦੇ ਸੁਭਾਅ ਦਾ ਚਿੱਤਰ ਸਿਰਜਦੀ ਹੈ। ਬਾਬਾ ਜਿੱਤੇ ਦਾ ਪਿੰਡ ਛੱਡ ਕੇ ਜਾਣ ਦਾ ਜੋ ਭਾਵੁਕ ਦ੍ਰਿਸ਼ ਪੇਸ਼ ਹੁੰਦਾ ਹੈ, ਉਸ ਦਾ ਆਭਾਸ ਇਸ ਨਾਟਕ ਵਿੱਚ ਪ੍ਰਤੱਖ ਰੂਪ ਵਿੱਚ ਮਹਿਸੂਸ ਕੀਤਾ ਜਾ ਸਕਦਾ ਹੈ। ਆਪਣੇ ਇਲਾਕੇ ਦੇ ਦੁਸ਼ਟ ਪ੍ਰਵਿਰਤੀ ਵਾਲੇ ਮਨੁੱਖਾਂ ਨਾਲ ਜਦੋਂ ਉਹ ਆਪਣਾ ਆਪ ਦੂਰ ਕਰ ਕਿਸੇ ਹੋਰ ਇਲਾਕੇ ਵਿੱਚ ਵਸਣ ਦੇ ਫ਼ੈਸਲੇ ਦਾ ਰੁਦਨ ਨਾਟਕਕਾਰ ਨੇ ਬਾਖ਼ੂਬੀ ਕੀਤਾ ਹੈ।

ਨਾਟਕ ਦੇ ਅਗਲੇ ਪੜਾਅ ਵਿੱਚ ਮਹਿਤਾ ਵੀਰ ਸਿੰਘ ਵਰਗੇ ਜਾਗੀਰਦਾਰ ਦਾ ਹਾਜ਼ਰ ਹੋਣਾ, ਜਿਸ ਦਾ ਸ਼ੌਕ ਸਿਰਫ਼ ਸ਼ਿਕਾਰ ਕਰਨਾ ਹੁੰਦਾ ਸੀ, ਇੱਥੇ ਨਾਟਕ ਦਾ ਬਿਰਤਾਂਤ ਸਿਖਰ ਦੇ ਮੁਕਾਮ ਤੇ ਪਹੁੰਚਦਾ ਹੈ ਜਿੱਥੇ ਸਮਾਜਵਾਦੀ ਨਿਜ਼ਾਮ ਦਾ ਅਕਸ ਸਪਸ਼ਟ ਨਜ਼ਰੀਂ ਆਉਂਦਾ ਹੈ। ਬਾਬਾ ਜਿੱਤੇ ਦਾ ਦੋਸਤ ਰੁੱਲੋ ਲੋਹਾਰ ਦਾ ਲੱਭਣਾ ਤੇ ਉਸ ਦੇ ਘਰ ਦੀ ਤਸਵੀਰ ਦਾ ਪੇਸ਼ ਹੋਣਾ, ਰੁੱਲੋ ਲੋਹਾਰ ਦੀ ਪਤਨੀ ਜਿਊਣੀ ਦਾ ਮਸ਼ਵਰਾ ਦੇਣਾ ਉਸ ਸਮੇਂ ਦੇ ਸਮਾਜ ਦੇ ਨਿਜ਼ਾਮ ਦਾ ਯਥਾਰਥਕ ਸਰੂਪ ਕਲਪਨਾਮਈ ਚਿੱਤਰ ਪੇਸ਼ ਕਰਦਾ ਹੈ। ਮਹਿਤਾ ਵੀਰ ਸਿੰਘ ਦਾ ਜਾਬਰ ਹੋਣ ਦਾ ਨਾਟਕਕਾਰ ਜਾਗੀਰਦਾਰੀ ਪ੍ਰਥਾ ਦਾ ਸਾਖ਼ਸ਼ਾਤ ਚਿੱਤਰ ਪੇਸ਼ ਕਰਦਾ ਹੈ। ਨਾਟਕ ਦੀ ਗੋਂਦ ਵਿਚਲੀਆਂ ਘਟਨਾਵਾਂ ,ਪਾਤਰਾਂ ਦੀ ਮੌਜੂਦਗੀ ਰਾਹੀਂ ਲੋਕ ਪਰੰਪਰਾਵਾਂ, ਮਾਨਵ ਸਮਾਜ ਦੇ ਢਾਂਚੇ ਦੀ ਸਜੀਵ ਪੇਸ਼ਕਾਰੀ ਕਰਦੀਆਂ ਹੈ। ਬਾਬਾ ਜਿੱਤੇ ਦਾ ਰੁੱਲਲੋ ਸਮੇਤ ਮਹਿਤਾ ਵੀਰ ਸਿੰਘ ਦੇ ਦਰਬਾਰ ਵਿੱਚ ਸ਼ਾਮਲ ਹੋਣਾ ਅਤੇ ਉਸਨੂੰ ਪੇਸ਼ੇ ਵਜੋਂ ਮੰਦਰ ਵਿੱਚ ਪੁਜਾਰੀ ਰੱਖਣ ਦੀ ਸਲਾਹ ਦੇਣਾ ਜੋ ਉਸਦੇ ਕਿਰਸਾਨੀ ਜੀਵਨ ਲਈ ਨਾਮਨਜ਼ੂਰ ਸੀ। ਉਨ੍ਹਾਂ ਦਾ ਇਹ ਦ੍ਰਿੜ੍ਹ ਸੰਕਲਪ ਦੇਖਕੇ ਉਸਨੂੰ ਸ਼ਾਮੇ ਚੱਕ ਲਾਗੇ ਕੰਢੇਦਾਰ ਜ਼ਮੀਨ ਦਿੱਤੀ ਜਾਣੀ, ਫ਼ੈਸਲੇ ਦੇ ਆਧਾਰ ਤੇ ਜ਼ਮੀਨ ਦੇ ਅੱਧੇ ਹਿੱਸੇ ਦੀ ਜਗ੍ਹਾ ਚੌਥਾ ਹਿੱਸਾ ਫ਼ਸਲ ਲੈਣ ਦਾ ਫ਼ੈਸਲਾ ਮਹਿਤਾ ਵੀਰ ਸਿੰਘ ਦੁਆਰਾ ਹੋਣਾ ਆਦਿ ਵਾਰਤਾ ਉਸਦੇ ਸਾਹਸ ਤੇ ਸਹਿਣਸ਼ੀਲਤਾ ਨੂੰ ਪੇਸ਼ ਕਰਦੀਆਂ ਹਨ। ਨਾਟਕ ਦੇ ਅਖੀਰਲੇ ਦ੍ਰਿਸ਼ਾਂ ਵਿੱਚ ਸ਼ਾਮੇ ਚੱਕ ਦੇ ਜੰਗਲਾਂ ਵਿੱਚ ਹੋਣ ਵਾਲੇ ਚਮਤਕਾਰ ਦੀ ਵਾਰਤਾ ਨੂੰ ਪੇਸ਼ ਕਰਦਾ ਹੈ। ਬਾਬਾ ਜਿੱਤੇ ਤੇ ਉਸਦੇ ਦੋਸਤ ਈਸੋ ਦੀ ਮਿਹਨਤ ਸਦਕਾ ਬੰਜਰ ਜ਼ਮੀਨ ਸੋਨਾ ਬਣ ਜਾਣਾ, ਬੰਜਰ ਜ਼ਮੀਨ ਵਿੱਚੋਂ ਫ਼ਸਲ ਉੱਗ ਪੈਣੇ ਤੇ ਸਾਰੇ ਇਲਾਕੇ ਵਿੱਚ ਧੁੰਮਾਂ ਪੈ ਜਾਣੀਆਂ ਆਦਿ ਘਟਨਾਵਾਂ ਨਾਟਕ ਦੀ ਚਾਲ ਨੂੰ ਨਾ ਕੇਵਲ ਅਗਾਂਹ ਲੈ ਜਾਂਦੀਆਂ ਹਨ ਸਗੋਂ ਰੋਚਕਤਾ ਵੀ ਪੈਦਾ ਕਰਦੀਆਂ ਹਨ।

ਜਾਗੀਰਦਾਰੀ ਨਿਜ਼ਾਮ ਵਿੱਚ ਜਦੋਂ ਹੱਕ ਖੋਣ ਦੀ ਪ੍ਰਵਿਰਤੀ ਜਦੋਂ ਜਨਮ ਲੈਂਦੀ ਹੈ ਤਾਂ ਮਜ਼ਲੂਮ ਆਵਾਜ਼ ਕਦੇ ਵੀ ਦੱਬੀ ਨਹੀਂ ਰਹਿ ਪਾਉਂਦੀ ਇਹ ਵੰਗਾਰ ਹੀ ਇਸ ਨਾਟਕ ਦਾ ਮੁੱਖ ਆਧਾਰ ਰਹੀ ਹੈ। ਮਹਿਤਾ ਵੀਰ ਸਿੰਘ ਨੂੰ ਮੱਲੀ ਵੱਲੋਂ ਪਤਾ ਚੱਲਣਾ ਤੇ ਆਪਣੇ ਦਿੱਤੇ ਫ਼ੈਸਲੇ ਤੋਂ ਮੁੱਕਰ ਜਾਣ ਦੀ ਬਿਰਤੀ ਜਗੀਰਵਾਦੀ ਨਿਜ਼ਾਮ ਦੀ ਹਮੇਸ਼ਾ ਖੇਡ ਰਹੀ ਹੈ। ਬਾਬਾ ਜਿੱਤੇ ਦਾ ਮਹਿਤਾ ਵੀਰ ਸਿੰਘ ਨੂੰ ਉਸਦੇ ਕੀਤੇ ਪਹਿਲੇ ਫ਼ੈਸਲੇ ਤੇ ਇਕਰਾਰ ਨੂੰ ਯਾਦ ਕਰਵਾਉਣਾ ਤੇ ਮਹਿਤਾ ਦਾ ਮੁੱਕਰ ਜਾਣ ਦੀ ਕੁਰੀਤੀ ਪ੍ਰਤੀ ਬਾਬਾ ਜਿੱਤੇ ਇਸ ਅਨਿਆਇ ਦਾ ਵਿਰੋਧ ਕਰਦਾ ਹੈ ਤਾਂ ਉਸ ਉੱਪਰ ਉਸਦੀ ਕੁੱਝ ਨਹੀਂ ਚੱਲਦੀ ਹੈ। ਆਖ਼ਰਕਾਰ ਬਾਬਾ ਜਿੱਤੇ ਫਿਰ ਕਣਕ ਦੇ ਢੇਰ ਤੇ ਚੜ੍ਹ ਜਾਣਾ ਤੇ ਜਿਸ ਨੂੰ ਉਸਨੇ ਬੰਜਰ ਜ਼ਮੀਨ ਵਿੱਚ ਮਿਹਨਤ ਕਰਕੇ ਉਪਜਾਊ ਬਣਾਕੇ ਰਾਹੀਂ ਅਵਾਮ ਤੇ ਸਾਰੇ ਪਾਠਕਾਂ ਨੂੰ ਇਹ ਦੱਸਣਾ ਚਾਹਿਆ ਹੈ ਕਿ ਮਿਹਨਤ ਨਾਲ ਇਨਸਾਨ ਬੰਜਰ ਜ਼ਮੀਨ ਨੂੰ ਵੀ ਸੋਨਾ ਬਣਾ ਸਕਦਾ ਹੈ। ਪਰ ਜਦੋਂ ਮਹਿਤਾ ਵੀਰ ਸਿੰਘ ਉਸਨੂੰ ਰੋਕਣਾ ਚਾਹੁੰਦਾ ਤਾਂ ਉਸ ਦਾ ਕਹਿਣਾ ਨਾ ਮੰਨਣ ਤੇ ਅਨਿਆਇ ਦੇ ਖ਼ਿਲਾਫ਼ ਆਵਾਜ਼ ਉਠਾ ਕੇ ਪੂਰੀ ਖ਼ਲਕਤ ਨੂੰ ਸੁਨੇਹਾ ਦਿੰਦੇ ਹੋਏ ਆਪਣੇ ਆਪ ਨੂੰ ਕਟਾਰਾ ਮਾਰ ਕੇ ਆਪਣੀ ਜਾਨ ਦੀ ਆਹੂਤੀ ਦੇ ਦਿੰਦਾ ਹੈ। ਨਾਟਕ ਦੇ ਅੰਤ ਵਿੱਚ ਮਹਿਤਾ ਵੀਰ ਸਿੰਘ ਦਾ ਪਛਤਾਉਣਾ,ਬਾਬਾ ਜਿੱਤੇ ਦੀ ਲੋਥ ਦਾ ਗ਼ਾਇਬ ਹੋ ਜਾਣਾ ਤੇ ਬੂਆ ਗੌਰੀ ਦਾ ਉਸਦੀ ਲੋਥ ਨੂੰ ਭਾਲ ਕਰਨ ਦਾ ਦਰਦਮਈ ਚਿੱਤਰ ਪੇਸ਼ ਹੁੰਦਾ ਹੈ ਹੋ ਪਾਠਕਾਂ ਦੀਆਂ ਅੱਖੀਆਂ ਨੂੰ ਨਮ ਅਤੇ ਮਨਾਂ ਨੂੰ ਭਾਵੁਕ ਬਣਾ ਦਿੰਦਾ ਹੈ।

ਇਸ ਤਰ੍ਹਾਂ ਬਾਬਾ ਜਿੱਤੇ ਦਾ ਇਹ ਬਲੀਦਾਨ ਤੇ ਕੁਰਬਾਨੀ ਨਾ ਸਿਰਫ਼ ਆਪਣੇ ਹੱਕ ਦੀ ਖ਼ਾਤਰ ਜੂਝਣ ਲਈ ਵੰਗਾਰ ਤੇ ਸੇਧ ਪੇਸ਼ ਹੀ ਨਹੀਂ ਕਰਦਾ ਸਗੋਂ ਸਾਰੇ ਸਮਾਜ ਨੂੰ ਜਾਗ੍ਰਿਤ ਵੀ ਕਰਦਾ ਹੈ ਅਤੇ ਇਹ ਚੇਤਨਾ ਪੈਦਾ ਹੁੰਦੀ ਹੈ ਕਿ ਮਨੁੱਖ ਨੂੰ ਆਪਣੇ ਹੱਕਾਂ ਦੀ ਖ਼ਾਤਰ ਜਾਨ ਦੇਣ ਤੋਂ ਵੀ ਸੰਕੋਚ ਨਹੀਂ ਕਰਨਾ ਚਾਹੀਦਾ। ਡੁੱਗਰ ਸਮਾਜ ਦੇ ਮਹਾਨ ਲੋਕ ਨਾਇਕ ਬਾਬਾ ਜਿੱਤੇ ਦੇ

 ISSN (Online): 2583-9446

ਅਮਰ ਬਲੀਦਾਨ ਦੀ ਇਸ ਕਥਾ ਨੂੰ ਪ੍ਰੋ. ਰਾਮਨਾਥ ਸ਼ਾਸਤਰੀ ਨੇ ਬਹੁਤ ਹੀ ਪ੍ਰੇਰਨਾਮਈ ਤੇ ਮੰਚੀ ਗੁਣਾਂ ਦੇ ਆਧਾਰ 'ਤੇ ਇਸ ਕਥਾ ਨੂੰ ਨਾਟਕੀ ਰੂਪ ਵਿੱਚ ਰੂਪਾਂਤਰ ਕਰਕੇ ਇੱਕ ਅਮਰ ਰਚਨਾ ਸਿਰਜ ਕੇ ਡੋਗਰੀ ਸਾਹਿਤ ਵਿੱਚ ਆਪਣਾ ਵਿਸ਼ੇਸ਼ ਸਥਾਨ ਸਥਾਪਿਤ ਕੀਤਾ ਹੈ। ਨਾਟਕ ਦੀ ਕਥਾ ਦਾ ਜੇਕਰ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਸਾਨੂੰ ਗਿਆਤ ਹੁੰਦਾ ਹੈ ਕਿ ਨਾਟਕ ਦਾ ਵਿਸ਼ਾ ਜਾਗੀਰਦਾਰੀ ਨਿਜ਼ਾਮ ਦਾ ਵਿਆਖਿਆਨ ਕਰਦਾ ਹੈ ਕਿ ਕਿਵੇਂ ਕਿਸਾਨ ਲੋਕ ਰਾਜਿਆਂ ਮਹਾਰਾਜਿਆਂ ਤੇ ਜਾਗੀਰਦਾਰਾਂ ਦੁਆਰਾ ਕੀਤੇ ਜਾਂਦੇ ਸ਼ੋਸ਼ਣ ਦਾ ਸ਼ਿਕਾਰ ਹੁੰਦੇ ਸਨ। ਨਾਟਕ ਦੇ ਬਿਰਤਾਂਤ ਤੇ ਗੋਂਦ ਵਿਚਲਾ ਕਥਾਨਕ ਦੀਆਂ ਘਟਨਾਵਾਂ ਦੀ ਤਰਤੀਬ ਨਾਟਕ ਨੂੰ ਹੋਰ ਗੰਭੀਰ ਤੇ ਪ੍ਰਭਾਵਸ਼ਾਲੀ ਬਣਾਉਂਦੀਆਂ ਹਨ। ਨਾਟਕ ਵਿਚਲੀਆਂ ਘਟਨਾਵਾਂ ਵਿੱਚ ਕਲਪਨਾ ਦਾ ਵੀ ਸਹਾਰਾ ਲਿਆ ਗਿਆ ਹੈ, ਨਾਟਕ ਭਾਵੇਂ ਇਤਿਹਾਸਕ ਘਟਨਾ ਉੱਪਰ ਆਧਾਰਿਤ ਹੈ ਪਰ ਇਸ ਵਿਚਲੀਆਂ ਘਟਨਾਵਾਂ ਵਿੱਚ ਕਲਪਨਾ ਦਾ ਜਾਮਾ ਵੀ ਪਹਿਨਾਇਆ ਗਿਆ ਹੈ।

ਬਾਬਾ ਜਿੱਤੋ ਦਾ ਜੀਵਨ ਸੰਘਰਸ਼ ਅਤੇ ਸ਼ਰੀਕਾਂ ਦਾ ਉਸ ਪ੍ਰਤੀ ਨਾ ਇਨਸਾਫ਼ੀ ਦਾ ਦੁਖਾਂਤ ਨਾਟਕ ਵਿੱਚ ਪ੍ਰਤੱਖ ਰੂਪ ਵਿੱਚ ਮਹਿਸੂਸ ਕੀਤਾ ਜਾ ਸਕਦਾ ਹੈ। ਨਾਟਕ ਵਿੱਚ ਬਾਬਾ ਜਿੱਤੋ ਦਾ ਸ਼ਰੀਕਾਂ ਵੱਲੋਂ ਵਿਸ਼ਵਾਸਘਾਤ, ਪਿੰਡ ਨੂੰ ਛੱਡਣਾ ਅਤੇ ਬੇਗਾਨੀ ਜਗ੍ਹਾ ਜਾ ਕੇ ਮੁੜ ਜ਼ਿੰਦਗੀ ਜਿਊਣ ਦਾ ਉਦੇਸ਼ ਸਿੱਖਣ ਦਾ ਬੀੜਾ ਉਸਦੀ ਨਿਡਰਤਾ ਤੇ ਬਹਾਦਰੀ ਦਾ ਬਿੰਬ ਸਿਰਜਦਾ ਹੈ। ਨਾਟਕ ਵਿਚਲੇ ਪਾਤਰ ਨਾਟਕ ਨੂੰ ਪ੍ਰਭਾਵਸ਼ਾਲੀ ਤੇ ਇਸ ਦੀ ਵਿਕਾਸ ਪ੍ਰਕਿਰਿਆ ਨੂੰ ਅਗਾਂਹ ਚਲਾਉਂਦੇ ਹਨ। ਪਾਤਰ ਨਾਟਕ ਦੀ ਜਿੰਦ-ਜਾਨ ਹੁੰਦੇ ਹਨ। ਇਨ੍ਹਾਂ ਪਾਤਰਾਂ ਦੇ ਬਿਨਾਂ ਨਾਟਕ ਦੀ ਸਿਰਜਣਾ ਅਸੰਭਵ ਹੁੰਦੀ ਹੈ। ਨਾਟਕ ਵਿਚਲੇ ਪਾਤਰ ਭਾਵੇਂ ਅਨੇਕਾਂ ਹੁੰਦੇ ਹਨ ਪਰ ਨਾਟਕ ਦੀ ਚਾਲ ਨੂੰ ਅਗਾਂਹ ਵਧਾਉਣ ਵਿੱਚ ਹਰੇਕ ਪਾਤਰ ਦਾ ਆਪਣਾ ਰੋਲ ਅਤੇ ਕਿਰਦਾਰ ਹੁੰਦਾ ਹੈ। ਨਾਟਕ ਵਿਚਲੇ ਪਾਤਰ ਹਰੇਕ ਵਰਗ ਦੇ ਹੁੰਦੇ ਹਨ। ਕਿਤੇ ਮਹਿਤਾ ਵਰਗੇ ਰਾਜ ਘਰਾਣੇ ਨਾਲ ਸੰਬੰਧਿਤ ਅਤੇ ਕਿਤੇ ਬਾਬਾ ਜਿੱਤੋ ਤੇ ਉਸਦੇ ਦੋਸਤ ਰੁੱਲੋ ਵਰਗੇ ਪਾਤਰ ਵੀ ਕਿਰਸਾਨੀ ਜੀਵਨ ਨਾਲ ਸੰਬੰਧਿਤ ਪੇਸ਼ ਹੁੰਦੇ ਹਨ।

ਜਾਗੀਰਦਾਰੀ ਤੇ ਸਾਮੰਤਵਾਦੀ ਨਿਜ਼ਾਮ ਦੀ ਤਸਵੀਰ ਇਸ ਨਾਟਕ ਵਿੱਚ ਪ੍ਰਤੱਖ ਪੇਸ਼ ਹੋਈ ਹੈ। ਇਸ ਨਾਟਕ ਵਿੱਚ ਕੁੱਝ ਨਾਰੀ ਪਾਤਰ ਵੀ ਹਨ ਜਿਵੇਂ ਜੋਜਾਂ, ਬੂਆ ਗੌਰੀ, ਰੋਜ਼ੀ ਅਤੇ ਜਿਊਣੀ ਵਰਗੀਆਂ ਇਸਤਰੀ ਪਾਤਰ ਜੋ ਨਾਟਕ ਦੀ ਕਥਾ ਵਸਤੂ ਦੇ ਹੋਂਦ ਨੂੰ ਹੋਰ ਅਗਾਂਹ ਲਿਜਾਕੇ ਉਤਸੁਕ ਤੇ ਪ੍ਰੇਰਨਾਮਈ ਬਣਾ ਦਿੰਦੀਆਂ ਹਨ। ਨਾਟਕਕਾਰ ਨੇ ਆਪਣੇ ਨਾਟਕ ਵਿੱਚ ਹਰੇਕ ਪਾਤਰ ਦਾ ਚਰਿੱਤਰ ਦਰਸਾਉਣ ਤੇ ਪੇਸ਼ ਕਰਨ ਵਿੱਚ ਬਾਖ਼ੂਬੀ ਪਰਿਆਸ ਕੀਤਾ ਹੈ ਜਿਸ ਵਿੱਚ ਉਹ ਸਫਲ ਵੀ ਹੋਇਆ ਹੈ।

ਇਸ ਤਰ੍ਹਾਂ ਨਾਟਕਕਾਰ ਨੇ ਹਰ ਇੱਕ ਪਾਤਰ ਦਾ ਨਿਰਮਾਣ ਉਸਦੇ ਸੁਭਾਅ ਦੇ ਅਨੁਕੂਲ ਕੀਤਾ ਹੈ। ਨਾਟਕ ਦੇ ਕਈ ਪ੍ਰਮੁੱਖ ਪਾਤਰ ਹਨ ਅਤੇ ਕਈ ਅਧੀਨ ਪਾਤਰ ਆਉਂਦੇ ਹਨ ਜੋ ਨਾਟਕ ਦੇ ਵਿਸ਼ੇ ਨੂੰ ਪ੍ਰਮੁੱਖ ਰੂਪ ਵਿੱਚ ਪ੍ਰਗਟਾਉਂਦੇ ਹਨ। ਨਾਟਕ ਵਿਚਲੀ ਵਾਰਤਾਲਾਪ ਪਾਤਰਾਂ ਦੇ ਸੁਭਾਅ ਅਨੁਸਾਰ ਨਿਪੁੰਨ ਤੇ ਸੰਪੂਰਨ ਹੈ। ਰੰਗਮੰਚ ਦੀ ਦ੍ਰਿਸ਼ਟੀ ਅਨੁਸਾਰ ਪਾਤਰਾਂ ਦੀ ਵਾਰਤਾਲਾਪ ਕਲਾ ਉੱਪਰ ਪੂਰਾ ਧਿਆਨ ਦਿੱਤਾ ਗਿਆ ਹੈ ਕੋਈ ਵੀ ਵਾਰਤਾਲਾਪ ਤੇ ਵਾਰਤਾ ਅਢੁਕਵੀਂ ਨਹੀਂ ਲੱਗਦੀ ਹੈ ਅਤੇ ਨਾ ਹੀ ਬੋਝਲਪਨ ਦਾ ਪ੍ਰਭਾਵ ਮਹਿਸੂਸ ਹੁੰਦਾ ਹੈ। ਵਾਰਤਾਲਾਪ ਦੀ ਚੋਣ ਇਸ ਢੰਗ ਨਾਲ ਕੀਤੀ ਗਈ ਹੈ ਜਿਸ ਨਾਲ ਹਰੇਕ ਪਾਤਰ ਦੀ ਮਾਨਸਿਕਤਾ ਸੁਚੱਜੇ ਢੰਗ ਨਾਲ ਅਭਿਵਿਅਕਤ ਹੋ ਜਾਂਦੀ ਹੈ। ਨਾਟਕ ਚਿਤਰਨ ਤੇ ਇਸ ਦੇ ਕਥਾਨਕ ਦੀ ਆਂਚਲਿਕਤਾ ਵਿੱਚ ਡੁੱਗਰ ਸਮਾਜ ਤੇ ਸਭਿਆਚਾਰ ਦੀ ਪ੍ਰਤੱਖ ਝਲਕ ਤੇ ਤਸਵੀਰ ਪੇਸ਼ ਹੁੰਦੀ ਹੈ। ਉਸ ਸਮੇਂ ਦੇ ਸਮਾਜ ਦੀ ਦਸ਼ਾ ਅਤੇ ਵਾਤਾਵਰਣ ਦਾ ਵਿਆਖਿਆਨ ਭਲੀ-ਭਾਂਤ ਸਪਸ਼ਟ ਨਜ਼ਰੀਂ ਪੈਂਦਾ ਹੈ।

ਨਾਟਕ ਵਿਚਲੀ ਵਰਤੀ ਗਈ ਭਾਸ਼ਾ ਪੂਰੀ ਡੋਗਰੀ ਸਮਾਜ ਨੂੰ ਚਿੱਤਰ ਦੀ ਹੈ। ਨਾਟਕ ਵਿੱਚ ਜਿੱਥੇ ਨਾਟਕਕਾਰ ਨੇ ਪੂਰੀ ਇਤਿਹਾਸਕ ਕਹਾਣੀ ਨੂੰ ਯਥਾਰਥਕਤਾ ਦੇ ਕਲਪਨਾ ਦੇ ਸੁਮੇਲ ਨਾਲ ਭਾਸ਼ਾ ਰਾਹੀਂ ਪ੍ਰਭਾਵਸ਼ਾਲੀ ਬਣਾਇਆ ਹੈ ਉਥੇ ਉਸਨੇ ਕਈ ਥਾਂ 'ਤੇ ਕਾਰਕ ਰੂਪ ਭਾਵ ਕਾਵਿਕ ਅੰਦਾਜ਼ ਵਿੱਚ ਕਹਾਣੀ ਦੀ ਗੋਂਦ ਤੇ ਬਿਰਤਾਂਤ ਦਾ ਵਿਕਾਸ ਕੀਤਾ ਹੈ। ਭਾਸ਼ਾ ਰਾਹੀਂ ਨਾਟਕਕਾਰ ਨੇ ਹਰੇਕ ਕਿਰਦਾਰ ਦੇ ਚਰਿੱਤਰ ਨੂੰ ਸਹੀ ਢੰਗ ਨਾਲ ਪੇਸ਼ ਕਰਨ ਦਾ ਸਫਲ ਪ੍ਰਯਤਨ ਕੀਤਾ ਹੈ। ਨਾਟਕਕਾਰ ਨੇ ਭਾਵੇਂ ਡੋਗਰੀ ਭਾਸ਼ਾ ਵਿੱਚ ਰਚਿਆ ਹੈ ਪਰ ਕਿਤੇ-ਕਿਤੇ ਉਰਦੂ ਸ਼ਬਦਾਂ ਦਾ ਵੀ ਪ੍ਰਯੋਗ ਕੀਤਾ ਹੈ ਅਤੇ ਮੁਹਾਵਰਿਆਂ ਦਾ ਪ੍ਰਯੋਗ ਕਰਕੇ ਨਾਟਕ ਨੂੰ ਹੋਰ ਖ਼ੂਬਸੂਰਤ ਬਣਾ ਦਿੱਤਾ ਹੈ। ਇਸ ਤਰ੍ਹਾਂ ਇਹ ਨਾਟਕ ਪ੍ਰੋ. ਰਾਮਨਾਥ ਦੀ ਸ਼ਾਨਦਾਰ ਰਚਨਾ ਹੈ ਅਤੇ ਇਸ ਨਾਟਕ ਨੂੰ ਰਚਣ ਦਾ ਉਦੇਸ਼ ਅਨਿਆਇ ਦੇ ਖ਼ਿਲਾਫ਼ ਆਵਾਜ਼ ਉਠਾਉਣਾ ਤੇ ਮਿਹਨਤ ਤੇ ਮੁਸ਼ੱਕਤ ਨਾਲ ਜੀਵਨ ਜਿਊਣ ਦੀ ਸਿੱਖਿਆ ਦਿੰਦਾ ਹੈ। ਸੋ ਸਮੁੱਚੇ ਰੂਪ ਵਿੱਚ ਅਸੀਂ ਇਸ ਨਾਟਕ ਦਾ ਵਿਸ਼ਲੇਸ਼ਣ ਕਰਕੇ ਇਹ ਆਖ ਸਕਦੇ ਹਾਂ ਕਿ ਇਹ ਰਚਨਾ ਡੁੱਗਰ ਸਮਾਜ ਦੀ ਇੱਕ ਮਹਾਨ ਇਤਿਹਾਸਕ ਰਚਨਾ ਬਣ ਗਈ ਹੈ ਅਤੇ ਰਹਿੰਦੀ ਦੁਨੀਆ ਤੱਕ ਇਹ ਡੋਗਰੀ ਸਾਹਿਤ ਦੀ ਇੱਕ ਮਹਾਨ ਤੇ ਅਮਰ ਰਚਨਾ ਬਣੀ ਰਹੇਗੀ।

armaan.org.in

ਵਿੱਚ ਹਰੇਕ ਪਾਤਰ ਦਾ ਆਪਣਾ ਰੋਲ ਅਤੇ ਕਿਰਦਾਰ ਹੁੰਦਾ ਹੈ। ਨਾਟਕ ਵਿਚਲੇ ਪਾਤਰ ਹਰੇਕ ਵਰਗ ਦੇ ਹੁੰਦੇ ਹਨ। ਕਿਤੇ ਮਹਿਤਾ ਵਰਗੇ ਰਾਜ ਘਰਾਣੇ ਨਾਲ ਸੰਬੰਧਿਤ ਅਤੇ ਕਿਤੇ ਬਾਬਾ ਜਿੱਤੋ ਤੇ ਉਸਦੇ ਦੋਸਤ ਰੁੱਲੋ ਵਰਗੇ ਪਾਤਰ ਵੀ ਕਿਰਸਾਨੀ ਜੀਵਨ ਨਾਲ ਸੰਬੰਧਿਤ ਪੇਸ਼ ਹੁੰਦੇ ਹਨ।

ਜਾਗੀਰਦਾਰੀ ਤੇ ਸਾਮੰਤਵਾਦੀ ਨਿਜ਼ਾਮ ਦੀ ਤਸਵੀਰ ਇਸ ਨਾਟਕ ਵਿੱਚ ਪ੍ਰਤੱਖ ਪੇਸ਼ ਹੋਈ ਹੈ। ਇਸ ਨਾਟਕ ਵਿੱਚ ਕੁੱਝ ਨਾਰੀ ਪਾਤਰ ਵੀ ਹਨ ਜਿਵੇਂ ਜੇਜਾਂ, ਬੂਆ ਗੋਰੀ, ਰੋਜ਼ੀ ਅਤੇ ਜਿਊਣੀ ਵਰਗੀਆਂ ਇਸਤਰੀ ਪਾਤਰ ਜੋ ਨਾਟਕ ਦੀ ਕਥਾ ਵਸਤੂ ਦੇ ਹੋਂਦ ਨੂੰ ਹੋਰ ਅਗਾਂਹ ਲਿਜਾਕੇ ਉਤਸੁਕ ਤੇ ਪ੍ਰੇਰਨਾਮਈ ਬਣਾ ਦਿੰਦੀਆਂ ਹਨ। ਨਾਟਕਕਾਰ ਨੇ ਆਪਣੇ ਨਾਟਕ ਵਿੱਚ ਹਰੇਕ ਪਾਤਰ ਦਾ ਚਰਿੱਤਰ ਦਰਸਾਉਣ ਤੇ ਪੇਸ਼ ਕਰਨ ਵਿੱਚ ਬਾਖ਼ੂਬੀ ਪਰਿਆਸ

ਰਚਿਆ ਹੈ ਪਰ ਕਿਤੇ-ਕਿਤੇ ਉਰਦੂ ਸ਼ਬਦਾਂ ਦਾ ਵੀ ਪ੍ਰਯੋਗ ਕੀਤਾ ਹੈ ਅਤੇ ਮੁਹਾਵਰਿਆਂ ਦਾ ਪ੍ਰਯੋਗ ਕਰਕੇ ਨਾਟਕ ਨੂੰ ਹੋਰ ਖ਼ੂਬਸੂਰਤ ਬਣਾ ਦਿੱਤਾ ਹੈ। ਇਸ ਤਰ੍ਹਾਂ ਇਹ ਨਾਟਕ ਪ੍ਰੋ. ਰਾਮਨਾਥ ਦੀ ਸ਼ਾਨਦਾਰ ਰਚਨਾ ਹੈ ਅਤੇ ਇਸ ਨਾਟਕ ਨੂੰ ਰਚਣ ਦਾ ਉਦੇਸ਼ ਅਨਿਆਇ ਦੇ ਖ਼ਿਲਾਫ਼ ਆਵਾਜ਼ ਉਠਾਉਣਾ ਤੇ ਮਿਹਨਤ ਤੇ ਮੁਸ਼ੱਕਤ ਨਾਲ ਜੀਵਨ ਜਿਊਣ ਦੀ ਸਿੱਖਿਆ ਦਿੰਦਾ ਹੈ। ਸੋ ਸਮੁੱਚੇ ਰੂਪ ਵਿੱਚ ਅਸੀਂ ਇਸ ਨਾਟਕ ਦਾ ਵਿਸ਼ਲੇਸ਼ਣ ਕਰਕੇ ਇਹ ਆਖ ਸਕਦੇ ਹਾਂ ਕਿ ਇਹ ਰਚਨਾ ਡੁੱਗਰ ਸਮਾਜ ਦੀ ਇੱਕ ਮਹਾਨ ਇਤਿਹਾਸਕ ਰਚਨਾ ਬਣ ਗਈ ਹੈ ਅਤੇ ਰਹਿੰਦੀ ਦੁਨੀਆ ਤੱਕ ਇਹ ਡੋਗਰੀ ਸਾਹਿਤ ਦੀ ਇੱਕ ਮਹਾਨ ਤੇ ਅਮਰ ਰਚਨਾ ਬਣੀ ਰਹੇਗੀ।





### *ਹਵਾਲੇ ਅਤੇ ਟਿੱਪਣੀਆਂ*

1. *ਪ੍ਰੋ. ਰਾਮ ਨਾਥ ਸ਼ਾਸਤਰੀ, ਬਾਬਾ ਜਿੱਤੋ ਡੋਗਰੀ ਨਾਟਕ , ਡੋਗਰੀ ਸੰਸਥਾ ਜੰਮੂ, 2015.*
2. *ਡਾ. ਸੁਨੀਲ ਕੁਮਾਰ ਮੰਗੋਚ, ਡਾ. ਸ਼ਮਸ਼ੇਰ ਲਾਲ, ਐਨ. ਆਰ. ਬੁੱਕਸ ਇੰਟਰਨੈਸ਼ਨਲ, ਜੰਮੂ, 2023.*
3. *ਸੰਪ. ਲਲਿਤ ਮੰਗੋਤਰਾ, ਡੋਗਰੀ ਦੇ ਤਰੈ ਨਾਟਕ, ਡੋਗਰੀ ਸੰਸਥਾ, ਜੰਮੂ, 2022.*
4. *ਡਾ. ਬਾਲ ਕ੍ਰਿਸ਼ਨ ਸ਼ਾਸਤਰੀ , ਡੋਗਰੀ ਨਿਕਾਸ ਤੇ ਵਿਕਾਸ, ਪੋਸਟ ਗ੍ਰੈਜੂਏਟ ਡੋਗਰੀ ਡਿਪਾਰਟਮੈਂਟ, ਜੰਮੂ ਯੂਨੀਵਰਸਿਟੀ ਜੰਮੂ, 2000.*